ਜਮਾਤ – ਬਾਰ੍ਹਵੀਂ ਵਿਸ਼ਾ – ਇਲੈੱਕਟਿਵ ਪੰਜਾਬੀ

# ਆਪ ਬੀਤੀਆਂ ਸਵੈ ਜੀਵਨੀ ਅੰਸ਼

## ਵਸਤੂਨਿਸ਼ਠ ਪ੍ਰਸ਼ਨ

ਪ੍ਰਸ਼ਨ – ਐਬਟਾਬਾਦ ਸਵੈ ਜੀਵਨੀ ਅੰਸ਼ ਕਿਸ ਦੀ ਰਚਨਾ ਹੈ ?

ਉੱਤਰ – ਪ੍ਰੋਫੈਸਰ ਪੂਰਨ ਸਿੰਘ ।

ਪ੍ਰਸ਼ਨ – ਪ੍ਰੋ: ਪੂਰਨ ਸਿੰਘ ਦਾ ਜਨਮ ਕਿਸ ਪਿੰਡ ਵਿਚ ਹੋਇਆ ?

ਉੱਤਰ – ਸਲਹੱਡ ਪਾਕਿਸਤਾਨ ( 1881 ) ਪਿੰਡ ਵਿਚ ।

ਪ੍ਰਸ਼ਨ – ਬਾਲ ਪੂਰਨ ਸਿੰਘ ਦੀ ਵਾਲਾਂ ਦੀ ਮੀਢੀ ਨਾਲ ਉਸ ਦੀ ਮਾਂ ਨੇ ਕੀ ਗੁੰਦ ਦਿੱਤਾ ?

ਉੱਤਰ – ਸੋਨੇ ਦੀ ਮੋਹਰ ।

ਪ੍ਰਸ਼ਨ – ਪੂਰਨ ਸਿੰਘ ਕੀ ਭੰਨਣ ਦੀ ਕੋਸ਼ਿਸ਼ ਕਰ ਰਿਹਾ ਸੀ ?

ਉੱਤਰ – ਕਹਿੰ ਦਾ ਕੌਲ ।

ਪ੍ਰਸ਼ਨ – ਮੌਂਟ ਐਵਰੈਸਟ ਦਾ ਨਾਂ ਕਿਸ ਨੂੰ ਦਿੱਤਾ ਗਿਆ ?

ਉੱਤਰ – ਗੌਰੀ ਸ਼ੰਕਰ ਚੋਟੀ ਨੂੰ ।

ਪ੍ਰਸ਼ਨ – ਪੋਠੋਹਾਰ ਵਿਚ ਕਦੇ ਕਿਹੜੀ ਯੂਨੀਵਰਸਿਟੀ ਸਥਿਤ ਸੀ ?

ਉੱਤਰ – ਟੇਕਸਿਲਾ ।

ਪ੍ਰਸ਼ਨ – ਪੂਰਨ ਸਿੰਘ ਦੀ ਮਾਂ ਕਿਹੜੇ ਦਰਿਆ ਨੂੰ ਸੱਚ-ਮੁੱਚ ਦਾ ਇਕ ਜਿਊਣਾ ਆਖਦੀ ਹੈ ?

ਉੱਤਰ – ਅਟਕ ( ਸਿੰਧ ) ਨੂੰ ।

ਪ੍ਰਸ਼ਨ – ਕਿਸ ਮਹਾਰਾਜੇ ਨੇ ਅਟਕ ਦਰਿਆ 'ਚ ਆਪਣਾ ਘੋੜਾ ਠੇਲ੍ਹ ਦਿੱਤਾ ਸੀ?

ਉੱਤਰ – ਮਹਾਰਾਜਾ ਰਣਜੀਤ ਸਿੰਘ ।

ਪ੍ਰਸ਼ਨ – ਪੂਰਨ ਸਿੰਘ ਨੂੰ ਉਸਦੇ ਦੋਸਤ ਕੀ ਸਮਝਦੇ ਸਨ ?

ਉੱਤਰ – ਨੀਮ ਪਾਗਲ ।

## ਪ੍ਰਿੰਸੀਪਲ ਤੇਜਾ ਸਿੰਘ

ਪ੍ਰਸ਼ਨ – ਮੁੱਢਲੀ ਅਵਸਥਾ  ਸਵੈ-ਜੀਵਨੀ ਅੰਸ਼ ਕਿਸਦੇ ਲਿਖੇ ਹਨ ?

ਉੱਤਰ – ਪ੍ਰਿੰਸੀਪਲ ਤੇਜਾ ਸਿੰਘ ।

ਪ੍ਰਸ਼ਨ – ਮੁੱਢਲੀ ਅਵਸਥਾ ਸਵੈ ਜੀਵਨੀ ਅੰਸ਼ ਪ੍ਰਿੰ:ਤੇਜਾ ਸਿੰਘ ਦੀ ਕਿਹੜੀ ਪੁਸਤਕ ਵਿਚੋਂ ਹੈ ?

ਉੱਤਰ – ਆਰਸੀ ।

ਪ੍ਰਸ਼ਨ – ਪ੍ਰਿੰ: ਤੇਜਾ ਸਿੰਘ ਨੇ ਪੰਜਵੀਂ ਕਦੋਂ ਪਾਸ ਕੀਤੀ ?

**ਉੱਤਰ – 1902 ਵਿਚ।**

**ਪ੍ਰਸ਼ਨ – ਪ੍ਰਿੰ: ਤੇਜਾ ਸਿੰਘ ਆਟਾ ਪਿਸਾਉਣ ਗਿਆ, ਤਾਂ ਉਸ ਨਾਲ ਕੌਣ ਸੀ ?**

**ਉੱਤਰ – ਤਾਇਆ ਜਗਨ ਨਾਥ।**

**ਪ੍ਰਸ਼ਨ – ਪ੍ਰਿੰ: ਤੇਜਾ ਸਿੰਘ ਨੂੰ ਕਿਸਨੇ ਪੁਰਾਤਨ ਸਾਹਿਤ ਦੀ ਚਾਟ ਲਾਈ ਸੀ ?**

**ਉੱਤਰ – ਦੁਕਾਨਦਾਰ ਈਸ਼ਰ ਦਾਸ ਨੇ।**

**ਪ੍ਰਸ਼ਨ – ਪ੍ਰਿੰਸੀਪਲ ਤੇਜਾ ਸਿੰਘ ਨੇ ਹੋਲੀਆਂ ਦੇ ਦਿਨਾਂ ਵਿਚ ਖੇਡੇ ਗਏ ਨਾਟਕ ਵਿਚ ਕਿਸ ਦਾ ਰੋਲ ਅਦਾ ਕੀਤਾ ?**

**ਉੱਤਰ – ਰਾਣੀ ਤਾਰਾਮਤੀ।**

**ਪ੍ਰਸ਼ਨ – ਪ੍ਰਿੰਸੀਪਲ ਤੇਜਾ ਸਿੰਘ ਦੀ ਅੰਗਰੇਜ਼ੀ ਸਾਹਿਤ ਵਿਚ ਡੂੰਘੀ ਦਿਲਚਸਪੀ ਕਿਸਨੇ ਪਾਈ ?**

**ਉੱਤਰ – ਲਾਲਾ ਕੁੰਦਨ ਲਾਲ ਨੇ।**

## ਪ੍ਰਿੰਸੀਪਲ ਸਾਹਿਬ ਸਿੰਘ

**ਪ੍ਰਸ਼ਨ – ਧੂੜ ਭਰੇ ਰਾਹ ਸਵੈ ਜੀਵਨੀ ਅੰਸ਼ ਕਿਸ ਲੇਖ਼ਕ ਦੀ ਰਚਨਾ ਹੈ ?**

**ਉੱਤਰ – ਪ੍ਰਿੰਸੀਪਲ ਸਾਹਿਬ ਸਿੰਘ।**

**ਪ੍ਰਸ਼ਨ – ਧੂੜ ਭਰੇ ਰਾਹ ਸਵੈ ਜੀਵਨੀ ਅੰਸ਼ ਪ੍ਰਿੰਸੀਪਲ ਸਾਹਿਬ ਸਿੰਘ ਦੀ ਕਿਸ ਪੁਸਤਕ ਵਿਚੋਂ ਲਿਆ ਗਿਆ ਹੈ ?**

ਉੱਤਰ – ਮੇਰੀ ਜੀਵਨ ਕਹਾਣੀ ।

ਪ੍ਰਸ਼ਨ – ਪ੍ਰਿੰਸੀਪਲ ਸਾਹਿਬ ਸਿੰਘ ਦੇ ਪਿਤਾ ਨੂੰ ਕੌਣ ਪ੍ਰੇਰਦਾ ਸੀ ਕਿ ਉਹ ਆਪਣੇ ਪੁੱਤਰ ਨੂੰ ਪ੍ਰਾਇਮਰੀ ਤੋਂ ਅੱਗੇ ਪੜ੍ਹਾਵੇ ?

ਉੱਤਰ – ਕਾਜ਼ੀ ਜਲਾਲਦੀਨ ।

ਪ੍ਰਸ਼ਨ – ਪ੍ਰਿੰਸੀਪਲ ਸਾਹਿਬ ਸਿੰਘ ਕਿੱਥੋਂ ਦੇ ਮਿਡਲ ਸਕੂਲ ਵਿਚ ਦਾਖ਼ਲ ਹੋਇਆ ?

ਉੱਤਰ – ਗੋਤਾ ਫ਼ਤਹਿਗੜ੍ਹ ।

ਪ੍ਰਸ਼ਨ – ਪ੍ਰਿੰਸੀਪਲ ਸਾਹਿਬ ਸਿੰਘ ਦੇ ਬਚਪਨ ਦਾ ਕੀ ਨਾਂ ਸੀ ?

ਉੱਤਰ – ਨੱਥੂ ਰਾਮ ।

ਪ੍ਰਸ਼ਨ – ਪ੍ਰਿੰਸੀਪਲ ਸਾਹਿਬ ਸਿੰਘ ਨੇ ਅੱਗੇ ਪੜ੍ਹਾਈ ਕਰਨ ਲਈ ਕਿਸਨੂੰ ਚਿੱਠੀ ਲਿਖੀ ?

ਉੱਤਰ – ਪੰਡਿਤ ਵਿਤਸਤਾ ਪ੍ਰਸਾਦ ਨੂੰ ।

ਪ੍ਰਸ਼ਨ – ਇੰਸਪੈਕਟਰ ਨੇ ਪ੍ਰਿੰਸੀਪਲ ਸਾਹਿਬ ਸਿੰਘ ਨੂੰ ਸ਼ਾਬਾਸ਼ ਕਿਉਂ ਦਿਤੀ ?

ਉੱਤਰ – ਉਸ ਦੁਆਰਾ ਸੁਣਾਏ ਪਾਹੜੇ ਸੁਣ ਕੇ ।

**ਪ੍ਰਸ਼ਨ – ਪ੍ਰਿੰਸੀਪਲ ਸਾਹਿਬ ਸਿੰਘ ਦਾ ਵਿਆਹ ਕਦੋਂ ਹੋਇਆ ?**

**ਉੱਤਰ – 1905 ਵਿਚ ।**



**★  ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529**

**★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ ★**